*International Journal of Information Movement* Vol. 8 Issue X (Feb 2024)
Website: www.ijim.in ISSN: 2456-0553 (online) Pages 37-46

# ਸੁਰਿੰਦਰ ਨੀਰ ਦਾ ਕਹਾਣੀ ਸੰਗ੍ਰਹਿ ਟੈਬੂ: ਮਨਾਹੀਆਂ/ਮਨੋ-ਗੁੰਝਲਾਂ ਦੀ ਵਿਡੰਬਣਾ ਦੇ ਬਿਰਤਾਂਤ

**ਡਾ. ਗੁਰਮੀਤ ਸਿੰਘ**

ਈਮੇਲ: gurmeetsingh.uni@gmail.com

'ਟੈਬੂ' ਕਹਾਣੀ ਸੰਗ੍ਰਹਿ ਜਾਣੀ ਪਛਾਣੀ ਸਾਹਿਤਕਾਰ ਸੁਰਿੰਦਰ ਨੀਰ ਦੀ ਛੇਵੀਂ ਬਿਰਤਾਂਤਕ ਰਚਨਾ ਹੈ। ਕਸ਼ਮੀਰ ਦੀ ਜੰਮਪਲ ਅਤੇ ਜੰਮੂ ਵਿਚ ਰਹਿੰਦੀ ਇਹ ਸਾਹਿਤਕਾਰਾ ਉਨ੍ਹਾਂ ਸਾਹਿਤਕਾਰਾਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੇ ਜੰਮੂ-ਕਸ਼ਮੀਰ ਵਿਚ ਰਹਿੰਦੇ ਪੰਜਾਬੀ ਬੰਦੇ ਦੀ ਜ਼ਿੰਦਗੀ ਨਾਲ ਬਿਰਤਾਂਤਕ ਸਾਹਿਤ ਰਾਹੀਂ ਸਾਂਝ ਪਵਾਈ ਹੈ। ਗੁਰਮੁਖ ਸਿੰਘ ਨੇ ਇਸ ਕਹਾਣੀ-ਸੰਗ੍ਰਹਿ ਦੇ ਆਖ਼ਰੀ ਸਿਰਲੇਖ ਪੰਨੇ 'ਤੇ ਦਰਜ ਕਰਦਿਆਂ ਲਿਖਿਆ ਹੈ:

> ਕਸ਼ਮੀਰ ਆਂਚਲ ਦੀ ਖੁਸ਼ਬੋ ਉਸ ਦੀਆਂ ਕਹਾਣੀਆਂ ਦਾ ਇਕ ਹੋਰ ਮੀਰੀ ਗੁਣ ਹੈ। ਉਸ ਦੀਆਂ ਕਹਾਣੀਆਂ ਨੇ ਕਸ਼ਮੀਰ ਅਤੇ ਪੰਜਾਬ ਨੂੰ ਬਹੁਤ ਨੇੜਲੀ ਸਾਂਝ ਦੇ ਪਲ ਦਿੱਤੇ ਹਨ; ਕਸ਼ਮੀਰ ਬੇਹੱਦ ਆਪਣਾ-ਆਪਣਾ ਲੱਗਦਾ ਹੈ।

'ਟੈਬੂ' ਕਹਾਣੀ ਸੰਗ੍ਰਹਿ ਤੋਂ ਬਿਨਾਂ ਉਸ ਨੇ ਦੋ ਹੋਰ ਕਹਾਣੀ ਸੰਗ੍ਰਹਿਆਂ, 'ਦਸਤਕ ਦੀ ਉਡੀਕ' (2002), 'ਖੁੱਲ੍ਹ ਜਾ ਸਿੰਮ ਸਿੰਮ' (2009) ਅਤੇ ਤਿੰਨ ਨਾਵਲਾਂ, 'ਸ਼ਿਕਾਰਗਾਹ' (2010), 'ਮਾਇਆ' (2012), 'ਚਸ਼ਮਿ ਬੁਲਬੁਲ' (2019) ਦੀ ਰਚਨਾ ਕੀਤੀ। ਉਸ ਨੇ ਪੰਜਾਬੀ ਸਾਹਿਤ ਵਿਚ ਇਨ੍ਹਾਂ ਰਚਨਾਵਾਂ ਸਦਕਾ ਆਪਣਾ ਵੱਖਰਾ ਮੁਕਾਮ ਤੇ ਸਥਾਨ ਹਾਸਿਲ ਕੀਤਾ। ਉਸ ਨੇ ਕਸ਼ਮੀਰੀ ਪੰਜਾਬੀਆਂ ਦੇ ਕੁਝ ਅਣਗੌਲੇ, ਅਣਚਿਤਵੇ ਤੇ ਅਨੋਖੇ ਪਹਿਲੂਆਂ ਨੂੰ ਨਾਰੀ ਦ੍ਰਿਸ਼ਟੀ ਤੋਂ ਬਿਰਤਾਂਤ ਦਾ ਹਿੱਸਾ ਬਣਾਇਆ।

ਸੁਰਿੰਦਰ ਨੀਰ ਦੇ ਕਹਾਣੀ ਸੰਗ੍ਰਹਿ 'ਟੈਬੂ' ਵਿਚ ਕੁਲ ਸਤਾਰਾਂ ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਸੱਤ ਕਹਾਣੀਆਂ ਕਸ਼ਮੀਰ ਦੀ ਸਾਂਝੀ ਵਿਰਾਸਤ ਨਾਲ ਸੰਬੰਧਿਤ ਹਨ। ਅਜਿਹੀਆਂ ਕਹਾਣੀਆਂ ਵਿਚੋਂ 'ਸੁਨਹਿਰੀ ਜਿਲਦ', 'ਮਿੱਟੀ', 'ਨਦੀਓਂ ਵਿਛੁੜੇ ਨੀਰ', 'ਤੂਫ਼ਾਨ ਥੰਮ੍ਹ ਜਾਣ ਬਾਦ' ਆਦਿ ਕਹਾਣੀਆਂ ਜ਼ਿਕਰਯੋਗ ਹਨ। ਇਨ੍ਹਾਂ ਕਹਾਣੀਆਂ ਵਿਚ

ਕਸ਼ਮੀਰੀਆਂ ਦੀ ਆਪਸੀ ਅਤੇ ਕਸ਼ਮੀਰ ਦੀ ਧਰਤੀ ਨਾਲ ਸਾਂਝ ਦੀ ਖ਼ੁਸ਼ਬੂ ਮਿਲਦੀ ਹੈ। ਆਦਰਸ਼ਕ ਪ੍ਰੀਤ, ਔਰਤ-ਮਰਦ ਸੰਬੰਧਾਂ ਵਿਚਲੀ ਤਲਖ਼ੀ, ਪਤੀ-ਪਤਨੀ ਦੇ ਰਿਸ਼ਤੇ ਵਿਚਲਾ ਤਣਾਅ, ਆਪਣੀਆਂ ਸੰਭਾਵਨਾਵਾਂ ਅਨੁਸਾਰ ਹਾਲਾਤ ਨਾਲ ਨਜਿੱਠਦੀ ਔਰਤ, ਸਾਹਿਤ ਅਤੇ ਕਲਾ ਖੇਤਰ ਵਿਚਲਾ ਭ੍ਰਿਸ਼ਟਾਚਾਰ ਆਦਿ ਮਸਲਿਆਂ ਦੀ ਪੇਸ਼ਕਾਰੀ ਦਾ ਆਧਾਰ ਕਸ਼ਮੀਰੀ ਰਹਿਤਲ ਬਣਦੀ ਹੈ।

ਸੁਰਿੰਦਰ ਨੀਰ ਨੇ ਕਹਾਣੀਆਂ ਵਿਚ ਆਦਰਸ਼ਕ ਪ੍ਰੀਤ ਨੂੰ ਚਿਤਰਦਿਆਂ ਸੱਚੀ-ਸੁੱਚੀ ਮੁਹੱਬਤ, ਭਰਪੂਰ ਮੋਹ, ਨਿਰਸਵਾਰਥ ਸਾਂਝ ਅਤੇ ਰਿਸ਼ਤਿਆਂ ਦੇ ਨਿੱਘ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਬਿਰਤਾਂਤ ਦਾ ਹਿੱਸਾ ਬਣਾਇਆ ਹੈ। 'ਸੁਨਹਿਰੀ ਜਿਲਦ' ਕਹਾਣੀ ਮੁਸਲਮਾਨ ਗ਼ਰੀਬ ਪਰਿਵਾਰ ਨਾਲ ਸੰਬੰਧਿਤ ਆਫ਼ਤਾਬ ਨਾਂ ਦੇ ਮੁੰਡੇ ਦੇ ਬਚਪਨ ਦੇ ਲੁਕਵੇਂ ਪਿਆਰ ਦਾ ਬਿਰਤਾਂਤ ਹੈ। ਮਾਂ, ਪਿਤਾ, ਭਰਾ ਅਤੇ ਫਿਰ ਦਾਦੇ ਦੀ ਮੌਤ ਤੋਂ ਬਾਅਦ ਸ਼ਾਹੀਨ ਨੂੰ ਉਸ ਦਾ ਮਾਮਾ ਆਪਣੇ ਕੋਲ ਲੈ ਜਾਂਦਾ ਹੈ। ਬਚਪਨ ਵਿਚ ਹੀ ਆਫ਼ਤਾਬ ਤੋਂ ਉਹ ਵਿਛੜ ਜਾਂਦੀ ਹੈ। ਵਿਆਹ ਤੋਂ ਬਾਅਦ ਉਸ ਦੀ ਮੁਲਾਕਾਤ ਆਫ਼ਤਾਬ ਨਾਲ ਹੁੰਦੀ ਹੈ ਤਾਂ ਸ਼ਾਹੀਨ ਉਸ ਨੂੰ ਸੁਨਹਿਰੀ ਜਿਲਦ ਵਾਲੀ ਕਿਤਾਬ ਦੀ ਯਾਦ ਕਰਵਾਉਂਦੀ ਹੈ ਜੋ ਉਸ ਨੇ ਸ਼ਾਹੀਨ ਨੂੰ ਦੇਣ ਦਾ ਵਾਅਦਾ ਕੀਤਾ ਸੀ। ਉਹ ਆਪਣੀ ਸਿਹਤ ਦਾ ਖ਼ਿਆਲ ਨਾ ਕਰਦਾ ਹੋਇਆ ਦਿਨ-ਰਾਤ ਮਿਹਨਤ ਕਰਕੇ ਕਿਤਾਬ ਛਪਵਾਉਣ ਲਈ ਪੈਸੇ ਜੋੜਦਾ ਹੈ। ਅਖੀਰ ਜਦੋਂ ਉਹ ਕਿਤਾਬ ਭੇਜਦਾ ਹੈ ਤਾਂ ਸ਼ਾਹੀਨ ਕਿਤਾਬ ਮਿਲ ਜਾਣ ਤੋਂ ਬਾਅਦ ਉਸ ਨੂੰ ਮਿਲਣ ਆਉਂਦੀ ਹੈ ਪਰ ਆਫ਼ਤਾਬ ਦੀ ਪਹਿਲਾਂ ਹੀ ਮੌਤ ਹੋ ਜਾਂਦੀ ਹੈ। ਇਸ ਕਹਾਣੀ ਵਿਚ ਆਫ਼ਤਾਬ ਰਾਹੀਂ ਆਦਰਸ਼ਕ ਪ੍ਰੀਤ ਬਿਰਤਾਂਤ ਦਾ ਕੇਂਦਰ ਬਣਦੀ ਹੈ। ਵਿਡੰਬਣਾ ਇਹ ਹੈ ਕਿ ਆਫ਼ਤਾਬ ਇਹ ਸਭ ਉਸ ਸਮੇਂ ਕਰ ਰਿਹਾ ਹੈ ਜਦੋਂ ਸ਼ਾਹੀਨ ਦਾ ਵਿਆਹ ਹੋ ਚੁੱਕਾ ਹੈ। ਸ਼ਾਹੀਨ ਨੂੰ ਪ੍ਰਾਪਤ ਕਰਨ ਦੀ ਕਿਸੇ ਤਰ੍ਹਾਂ ਦੀ ਕੋਈ ਇੱਛਾ ਜਾਂ ਮਨਸ਼ਾ ਬਿਨਾਂ ਦੁੱਖ-ਤਕਲੀਫ਼ ਸਹਿਣਾ ਅਤੇ ਅੰਤ ਮਰ ਜਾਣਾ ਉਸ ਦੀ ਪ੍ਰੀਤ ਨੂੰ ਆਦਰਸ਼ਕ ਬਣਾਉਂਦਾ ਹੈ।

ਇਸੇ ਆਦਰਸ਼ਕ ਪ੍ਰੀਤ ਦੀ ਨਿਰਸਵਾਰਥ ਭਾਵਨਾ ਨੂੰ 'ਮਿੱਟੀ' ਕਹਾਣੀ ਰਾਹੀਂ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਨੱਬ ਖੁੰਖਾ ਮਨ ਹੀ ਮਨ ਮੈਨਾ ਨੂੰ ਮੁਹੱਬਤ ਕਰਦਾ ਹੈ। ਉਸ ਦੀ ਇਹ ਚਾਹਤ ਤੋਤਾ ਸਿੰਘ ਨਾਲ ਗੱਲਾਂ-ਬਾਤਾਂ ਦੌਰਾਨ ਜ਼ਾਹਿਰ ਹੁੰਦੀ ਹੈ। ਉਸ ਦੀ ਇਹ ਭਾਵਨਾ ਸੱਚੀ-ਸੁੱਚੀ ਪ੍ਰੀਤ ਨਾਲ ਪ੍ਰੁਣਾਈ ਹੋਈ ਹੈ ਕਿਉਂਕਿ ਉਹ ਨਾ ਹੀ ਗੱਲੀਂ-ਬਾਤੀਂ ਨਾ ਹੀ ਆਪਣੇ ਕਿਸੇ ਕਾਰਜ ਰਾਹੀਂ ਕੋਈ ਸੀਮਾ ਉਲੰਘਦਾ ਹੈ। ਕਹਾਣੀ ਦੇ ਸ਼ੁਰੂ ਵਿਚ ਮੈਨਾ ਮਿੱਟੀ ਵਾਲਾ ਥੈਲਾ ਚੁੱਕੀ ਪੇਕੇ ਘਰ ਤੋਂ ਸਹੁਰੇ ਘਰ ਜਾ ਰਹੀ ਹੁੰਦੀ ਹੈ। ਰਸਤੇ ਵਿਚ ਨੱਬ ਖੁੰਖਾ ਉਸ ਦੀ ਮਦਦ ਕਰਦਾ ਹੋਇਆ ਮਿੱਟੀ ਦਾ ਥੈਲਾ ਆਪ ਚੁੱਕ ਲੈਂਦਾ ਹੈ। ਮਨਮੋਹਨ ਇਸ ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਦਾ ਹੈ ਕਿ 'ਮਿੱਟੀ ਇਸ ਬਿਰਤਾਂਤ ਦਾ

ਕੇਂਦਰੀ ਮੈਟਾਫਰ ਬਣ ਕੇ ਉਭਰਦਾ ਹੈ।' ਤੋਤਾ ਸਿੰਘ ਨਾਲ ਆਪਣੀ ਆਖ਼ਰੀ ਇੱਛਾ ਜ਼ਾਹਿਰ ਕਰਦਾ ਹੋਇਆ ਨੱਬ ਖੂੰਖਾ ਕਹਿੰਦਾ ਹੈ:

> ਸੱਚ ਆਖਾਂ ਤੋਤਿਆ? ਅਗਰ ਮਰਨ ਵੇਲੇ ਅੱਲਾਹ ਮੈਨੂੰ ਕਹੇ ਨਾ ਕਿ ਕੋਈ ਆਖ਼ਰੀ ਇਕ ਖ਼ਾਹਿਸ਼ ਦੱਸ ਜੋ ਪੂਰੀ ਹੋ ਸਕਦੀ ਹੈ ਤਾਂ ਜਾਣਦਾ ਮੈਂ ਕੀ ਮੰਗਾਂ?
>
> "ਕੀ?" ਤੋਤੇ ਨੇ ਉਤਸੁਕਤਾ ਨਾਲ ਪੁੱਛਿਆ।
>
> ਮੈਂ ਮੰਗਾਂ ਕਿ ਮੇਰੇ ਮਰਣ 'ਤੇ ਬੋਇਕਾਕੀ ਨੂੰ ਵੀ ਮੇਰੇ ਨਾਲ ਹੀ ਲਿਟਾ ਦੇਵੇ ਕਬਰ ਵਿਚ।[i]

ਤੋਤਾ ਸਿੰਘ ਉਸ ਨੂੰ ਯਾਦ ਕਰਵਾਉਂਦਾ ਹੈ ਕਿ ਮੈਨਾ ਸਿੱਖ ਹੈ ਤੇ ਉਹ ਮੁਸਲਮਾਨ। ਇਸ ਲਈ ਇਹ ਸੰਭਵ ਨਹੀਂ। ਕਹਾਣੀ ਦੇ ਅੰਤ ਉੱਪਰ ਮਿੱਟੀ ਲੈਣ ਗਈ ਮੈਨਾ ਮਿੱਟੀ ਹੇਠਾਂ ਦਬ ਜਾਂਦੀ ਹੈ। ਨੱਬ ਖੂੰਖਾ ਉਸ ਨੂੰ ਬਚਾਉਣ ਜਾਂਦਾ ਹੈ ਤੇ ਹੋਰ ਮਿੱਟੀ ਡਿੱਗਣ ਕਾਰਨ ਉਹ ਵੀ ਮਿੱਟੀ ਹੇਠ ਮੈਨਾ ਨਾਲ ਹੀ ਦਬ ਕੇ ਮਰ ਜਾਂਦਾ ਹੈ।

ਸੁਰਿੰਦਰ ਨੀਰ ਨੇ ਆਪਣੀਆਂ ਕਹਾਣੀਆਂ ਵਿਚ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਖ਼ੁਸ਼ੀਆਂ, ਗ਼ਮੀਆਂ, ਔਕੜਾਂ, ਵਿਸਥਾਪਨ, ਵੱਖਰੀਆਂ ਭੂਗੋਲਿਕ ਸਥਿਤੀਆਂ ਵਿਚ ਗੁਜ਼ਰਦੀ ਜ਼ਿੰਦਗੀ ਅਤੇ ਉਥੋਂ ਦੇ ਵਾਤਾਵਰਨ ਦੀ ਨਿਵੇਕਲੀ ਨੁਹਾਰ ਨੂੰ ਚਿਤਰਿਆ ਹੈ। ਬੰਦੇ ਦੀਆਂ ਮਨੋ-ਗੁੰਝਲਾਂ ਉਸ ਦੇ ਬਿਰਤਾਂਤ ਦਾ ਕੇਂਦਰ ਬਣਦੀਆਂ ਹਨ। ਮਨੋ-ਗੁੰਝਲਾਂ ਦੇ ਬਹੁਤ ਸਾਰੇ ਪਸਾਰਿਆਂ ਵਿਚੋਂ ਇਕ ਵਿਸਥਾਪਨ ਦਾ ਸ਼ਿਕਾਰ ਹੋਇਆਂ ਦੀਆਂ ਆਪਣੀਆਂ ਮਨੋ-ਗੁੰਝਲਾਂ ਹਨ। ਕਸ਼ਮੀਰ ਦੀਆਂ ਵਾਦੀਆਂ ਵਿਚ ਘੁਲੀ ਨਫ਼ਰਤੀ ਹਵਾ ਦੇ ਉਜਾੜੇ ਦਾ ਸ਼ਿਕਾਰ ਹੋਏ ਖ਼ਾਸ ਫ਼ਿਰਕੇ ਦੇ ਕਸ਼ਮੀਰੀਆਂ ਨੂੰ ਜੰਮੂ ਜਾਂ ਦੇਸ਼ ਦੀਆਂ ਹੋਰਨਾਂ ਸਟੇਟਾਂ 'ਚ ਵਿਸਥਾਪਨ ਕਰਨਾ ਪਿਆ। ਆਪਣਿਆਂ ਤੋਂ ਵਿਛੜਿਆਂ ਨੂੰ ਦੁਬਾਰਾ ਮਿਲਣ ਦੀ ਤਾਂਘ ਉਨ੍ਹਾਂ ਨੂੰ ਚੈਨ ਨਾਲ ਜਿਊਣ ਤਾਂ ਕੀ ਮਰਨ ਵੀ ਨਹੀਂ ਦਿੰਦੀ। 'ਨਦੀਓਂ ਵਿਛੁੜੇ ਨੀਰ' ਕਹਾਣੀ ਵਿਚ ਇੰਗਲੈਂਡ ਦਾ ਗੁਰਦਿਆਲ ਸਿੰਘ ਆਪਣੇ ਕਸ਼ਮੀਰ ਵਿਚ ਰਹਿੰਦੇ ਸਮੇਂ ਦੇ ਦੋਸਤ ਅਵਤਾਰ ਕ੍ਰਿਸ਼ਨ ਦੀ ਭਾਲ ਕਰ ਰਿਹਾ ਹੈ। ਬਜ਼ੁਰਗ ਅਵਸਥਾ ਅਤੇ ਬਿਮਾਰੀ ਦੇ ਚਲਦਿਆਂ ਉਹ ਮਰਨ ਤੋਂ ਪਹਿਲਾਂ ਉਸ ਨੂੰ ਮਿਲਣਾ ਚਾਹੁੰਦਾ ਹੈ। ਪਰ ਜਦੋਂ ਅਵਤਾਰ ਕ੍ਰਿਸ਼ਨ ਬਾਰੇ ਪਤਾ ਟਿਕਾਣਾ ਮਿਲਦਾ ਹੈ ਤਾਂ ਪਤਾ ਚਲਦਾ ਹੈ ਕਿ ਉਹ ਦੋ ਹਫ਼ਤੇ ਪਹਿਲਾਂ ਹੀ ਮਰ ਗਿਆ ਹੈ। ਅਵਤਾਰ ਕ੍ਰਿਸ਼ਨ ਦੇ ਮੁੰਡੇ ਰਾਕੇਸ਼ ਦੇ ਇਹ ਬੋਲ ਸਮੁੱਚੀ ਸਥਿਤੀ ਤੋਂ ਪੈਦਾ ਹੋਏ ਦੁਖਾਂਤ ਨੂੰ ਪੇਸ਼ ਕਰ ਜਾਂਦੇ ਹਨ:

ਮੈਂ ਪੂਰਾ ਅਨਾਥ ਹੋ ਗਿਆ ਅੰਕਲ। ਮਾਈਗ੍ਰੇਸ਼ਟ ਵੇਲੇ ਕੈਂਪਾਂ ਦੀ ਅੱਗ ਵਰਗੀ ਗਰਮੀ ਨੇ ਮੇਰੀ ਬੁੱਢੀ ਮਾਂ ਨੂੰ ਝੁਲਸਾ ਕੇ ਮਾਰ ਦਿੱਤਾ। ਉਹ ਬੜੀ ਸੋਹਣੀ ਤੇ ਨਾਜ਼ੁਕ ਸੀ ਕੈਂਪਾਂ ਦੀ ਗਰਮੀ ਸਹਿ ਨਾ ਸਕੀ ਤੇ ਤੜਪ-ਤੜਪ ਕੇ ਮਰ ਗਈ। ਤੇ ਹੁਣ ਪਿਤਾ ਜੀ ਵੀ...।[ii]

ਇਸੇ ਤਰ੍ਹਾਂ ਮੈਂ ਪਾਤਰ ਦੇ ਸਹੁਰੇ ਨੂੰ ਸੰਤਾਲੀ ਦੀ ਵੰਡ ਸਮੇਂ ਵਿਛੜੇ ਆਪਣੇ ਪਰਿਵਾਰ ਦੀ ਯਾਦ ਗ਼ਮਗੀਨ ਕਰ ਦਿੰਦੀ ਹੈ। ਕਹਾਣੀ ਵਿਚਲੇ ਪਾਤਰ ਆਪਣਿਆਂ ਤੋਂ ਨਦੀਆਂ ਦੇ ਨੀਰ ਵਾਂਗ ਅਜਿਹਾ ਵਿਛੜੇ ਜੋ ਕਦੀ ਮੁੜ ਮਿਲ ਨਾ ਸਕੇ। ਘਟਨਾ ਦਾ ਵਾਪਰਨ ਕਾਲ ਕੁਝ ਦਿਨਾਂ ਦਾ ਹੈ ਪਰ ਮੈਂ ਪਾਤਰ ਦੇ ਮਾਨਸਿਕ ਧਰਾਤਲ ਅਤੇ ਉਸ ਦੇ ਸਹੁਰੇ ਦੀਆਂ ਸੰਤਾਲੀ ਵੰਡ ਸਮੇਂ ਦੀਆਂ ਯਾਦਾਂ ਰਾਹੀਂ ਬਿਰਤਾਂਤ ਵਿਚ ਘਟਨਾਵਾਂ ਦੇ ਵਾਪਰਨ ਕਾਲ ਨੂੰ ਫੈਲਾਅ ਦਿੱਤਾ ਗਿਆ ਹੈ।

'ਤੂਫ਼ਾਨ ਥੰਮ੍ਹ ਜਾਣ ਬਾਦ' ਕਹਾਣੀ ਕਸ਼ਮੀਰ ਤੋਂ ਬੇ-ਘਰ ਹੋਏ ਕਸ਼ਮੀਰੀਆਂ ਦੀ ਇਸੇ ਲੜੀ ਨੂੰ ਅੱਗੇ ਤੋਰਦੀ ਹੈ। ਇਨ੍ਹਾਂ ਬੇ-ਘਰ ਹੋਇਆਂ ਦੀਆਂ ਮਨੋ-ਗੁੰਝਲਾਂ ਯਾਦਾਂ ਤੇ ਸਿਮ੍ਰਤੀਆਂ ਰਾਹੀਂ ਸਾਕਾਰ ਹੁੰਦੀਆਂ ਹਨ। ਪਹਿਲੀ ਪੀੜ੍ਹੀ ਆਪਣੇ ਪਿਛੋਕੜ ਦੀਆਂ ਯਾਦਾਂ ਤੇ ਸਿਮ੍ਰਤੀਆਂ ਨੂੰ ਚੇਤਿਆਂ ਵਿਚ ਸੰਭਾਲੀ ਮੌਕੇ-ਬੇਮੌਕੇ ਗੱਲੀਂ-ਬਾਤੀਂ ਯਾਦ ਕਰ ਭਾਵੁਕ ਹੋ ਜਾਂਦੀ ਹੈ। ਉਥੇ ਹੀ ਅਗਲੀ ਪੀੜ੍ਹੀ ਵੱਲ ਦੇਖਦੇ ਹੋਏ ਉਨ੍ਹਾਂ ਦੀਆਂ ਖ਼ੁਸ਼ੀਆਂ ਵਿਚ ਖ਼ੁਸ਼ ਹੁੰਦੀ ਗ਼ਮ ਤੋਂ ਬਾਹਰ ਨਿਕਲ ਕੇ ਅੱਗੇ ਵਧਦੀ ਦਿਸਦੀ ਹੈ। ਮਿਸਾਲ ਦੇ ਤੌਰ 'ਤੇ ਜਦੋਂ ਮੁੰਡੇ-ਕੁੜੀਆਂ ਡੀ. ਜੇ. ਲਗਾ ਕੇ ਨੱਚ ਰਹੇ ਹੁੰਦੇ ਹਨ ਤਾਂ ਉਸ ਸਮੇਂ ਵਕਤਾ ਦਾ ਬਿਆਨ ਇਸ ਸਥਿਤੀ ਨੂੰ ਸਪਸ਼ਟ ਕਰਦਾ ਹੈ:

> ਤਦੇ ਇਨ੍ਹਾਂ ਬੱਚਿਆਂ ਦੇ ਮਾਂ-ਬਾਪ ਵੀ ਇਸ ਮਸਤੀ ਦੇ ਆਲਮ ਵਿਚ ਆ ਸ਼ਾਮਿਲ ਹੁੰਦੇ ਹਨ। ਹੁਣ ਸਾੜੀਆਂ, ਸਰਕਟਾਂ, ਪੈਂਟ, ਸੂਟ, ਜੀਨਜ਼, ਕੁਰਤੇ ਸਭ ਨੱਚ ਰਹੇ ਹਨ।[iii]

ਸੁਰਿੰਦਰ ਨੀਰ ਨੇ ਬਦਲ ਰਹੇ ਔਰਤ-ਮਰਦ ਸੰਬੰਧਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਨੂੰ ਤਰਜੀਹ ਦਿੱਤੀ ਹੈ। ਪਰੰਪਰਕ ਦ੍ਰਿਸ਼ਟੀਕੋਣ ਤੋਂ ਨਿਖੇੜਦੇ ਹੋਏ ਮੌਜੂਦਾ ਪ੍ਰਚਾਰਿਤ ਜਾਂ ਪ੍ਰਸਾਰਿਤ ਨਵੀਆਂ ਕਦਰਾਂ-ਕੀਮਤਾਂ ਦੇ ਪ੍ਰਭਾਵ ਗ੍ਰਹਿਣ ਕਰਦੀ ਤੇ ਉਸ ਅਨੁਸਾਰ ਵਿਹਾਰ ਕਰਦੀ ਨਾਰੀ ਨੂੰ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ। ਨਾਰੀ ਪੜ੍ਹ-ਲਿਖ ਕੇ ਅਤੇ ਰੁਜ਼ਗਾਰ ਪ੍ਰਾਪਤ ਕਰ ਕੇ ਆਪਣੀ ਸਮਾਜਕ ਸਥਿਤੀ ਵਿਚ ਸੁਧਾਰਮਈ ਤਬਦੀਲੀ ਕਰ ਚੁੱਕੀ ਹੈ। ਇਸ ਦੇ ਬਾਵਜੂਦ ਵੀ ਬਹੁਤੀਆਂ ਹਾਲਤਾਂ ਵਿਚ ਨਾਰੀ ਬਾਰੇ ਮਰਦ ਦੀ ਸੋਚ ਪਰੰਪਰਾਗਤ ਹੀ ਰਹਿੰਦੀ ਹੈ। ਪਿਤਰਕੀ ਸੱਤਾ ਵਿਚੋਂ ਉਪਜਦੀ ਕਬਜ਼ੇ ਵਾਲੀ ਬਿਰਤੀ ਨੂੰ ਉਹ ਹਾਲੇ ਵੀ ਛੱਡਣਾ ਨਹੀਂ ਚਾਹੁੰਦਾ। 'ਭੂਮੀ' ਕਹਾਣੀ ਮਰਦ ਦੀ ਪਿਤਰਕੀ

ਮਾਨਸਿਕਤਾ ਨੂੰ ਕਈ ਪੱਖਾਂ ਤੋਂ ਉਘਾੜਦੀ ਹੈ। ਬਿਰਤਾਂਤ ਵਿਚ ਸਾਗਰ ਨਾਂ ਦਾ ਬੁੱਧੀਜੀਵੀ ਲੇਖਕ ਨਾਰੀ ਦੇ ਮਸਲਿਆਂ ਨੂੰ ਆਪਣੀਆਂ ਲਿਖਤਾਂ ਰਾਹੀਂ ਵਿਚਾਰਦਾ ਰਹਿੰਦਾ ਹੈ। ਉਸ ਦਾ ਮੰਨਣਾ ਹੈ ਕਿ:

> ਜੋ ਤਾਕਤ ਪੁਰਸ਼ ਦੀ ਭਾਸ਼ਾ ਜਾਂ ਕਲਮ ਵਿਚ ਹੈ ਉਹ ਕਿਸੇ ਨਾਰੀ ਕੋਲ ਨਹੀਂ ਹੋ ਸਕਦੀ। ਇਸ ਲਈ ਔਰਤ ਦੀ ਆਵਾਜ਼ ਦੱਬ ਸਕਦੀ ਹੈ ਪਰ ਮਰਦ ਦੀ ਆਵਾਜ਼ ਵਿਚ ਦਮ ਹੋਵੇ ਤਾਂ ਉਹ ਦੁਨੀਆ ਹਿਲਾ ਸਕਦਾ ਹੈ।[iv]

ਇਸੇ ਮਾਨਸਿਕਤਾ ਦੇ ਚਲਦਿਆਂ ਉਸ ਨੂੰ ਲਗਦਾ ਹੈ ਕਿ ਨਾਰੀ ਡਿਬੇਟ, ਨਾਰੀ ਮਸਲੇ, ਨਾਰੀ ਦੀ ਸਮਾਜ ਵਿਚ ਬਰਾਬਰੀ ਬਾਰੇ ਉਹ ਵਧੇਰੇ ਢੁਕਵੇਂ ਢੰਗ ਨਾਲ ਗੱਲ ਕਰ ਸਕਦਾ ਹੈ। ਆਪਣੇ ਆਪ ਨੂੰ ਉਭਾਰਨ ਲਈ ਨਾਰੀ ਡਿਬੇਟ ਨੂੰ ਮੀਡੀਆ ਰਾਹੀਂ ਰਲ ਕੇ ਹਥਿਆ ਲੈਣ ਦੀਆਂ ਚਾਰਾਜੋਈਆਂ ਕਰਦਾ ਹੈ। ਨਾਰੀ ਦੇ ਹੱਕਾਂ ਦੀ ਗਲ ਕਰਨ ਵਾਲੇ ਅਜਿਹੇ ਬੁਲਾਰਿਆਂ ਦਾ ਅਸਲ ਸੱਚ ਘਰ ਵਿਚ ਆਪਣੀ ਪਤਨੀ ਨਾਲ ਕੀਤੇ ਜਾਂਦੇ ਸਲੂਕ ਰਾਹੀਂ ਸਾਹਮਣੇ ਆਉਂਦਾ ਹੈ। ਆਪਣੇ ਆਪ ਨੂੰ ਨਾਰੀ ਹੱਕਾਂ ਦਾ ਰਾਖਾ ਸਾਬਤ ਕਰਨ ਵਿਚ ਲੱਗਾ ਸਾਗਰ ਆਪਣੀ ਪਤਨੀ ਦਾ 'ਚਾਰ ਸਾਲਾ ਵਿਚ ਦੋ ਵਾਰ ਅਬਾਰਸ਼ਨ ਕਰਵਾ ਕੇ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਕਤਲ' ਕਰਵਾ ਦਿੰਦਾ ਹੈ।

ਇਸੇ ਤਰ੍ਹਾਂ 'ਕ੍ਰਾਂਤੀਕਾਰੀ' ਕਹਾਣੀ ਵਿਚ ਵਿਸ਼ਨੂੰ ਸ਼ਰਮਾ ਮਸ਼ਹੂਰ ਨਾਟਕਕਾਰ ਹੈ। ਉਸ ਨੇ ਪਿਆਰ ਅਤੇ ਨਾਰੀ ਬਾਰੇ ਸਕਾਰਾਤਮਕ ਵਿਚਾਰਾਂ ਦਾ ਬਾਹਰੀ ਜ਼ਿੰਦਗੀ ਵਿਚ ਵਿਚਰਦਿਆਂ ਜਾਂ ਨਾਟਕਾਂ ਰਾਹੀਂ ਅਸਲ ਆਪੇ ਤੋਂ ਉਲਟ ਭਰਮ ਸਿਰਜਿਆ ਹੋਇਆ ਹੈ। ਇਹ ਦੋਹਰਾ ਕਿਰਦਾਰ ਘਰ ਵਿਚ ਆਪਣੀ ਪਤਨੀ ਨਾਲ ਕੀਤੇ ਜਾਂਦੇ ਦੁਰਵਿਹਾਰ ਰਹੀਂ ਸਾਹਮਣੇ ਆਉਂਦਾ ਹੈ। ਨਾਰੀ ਨੂੰ ਜਿੰਨੀ ਕੁ ਸਪੇਸ ਮਿਲਦੀ ਹੈ, ਕਈ ਵਾਰ ਉਸ ਸਪੇਸ ਵਿਚ ਰਹਿੰਦੇ ਹੋਏ ਲੁਕਵੇਂ ਤੇ ਉਜਾਗਰ ਦੋਨੋਂ ਰੂਪ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਜਾਂਦੀ ਹੈ। ਵਿਸ਼ਨੂੰ ਸ਼ਰਮਾ ਦੀ ਪਤਨੀ ਅਤੇ ਜੂਹੀ ਦੋਵੇਂ ਆਪਣੀ ਸਪੇਸ ਅਤੇ ਸਮਰਥਾ ਅਨੁਸਾਰ ਵਿਸ਼ਨੂੰ ਸ਼ਰਮਾ ਦੇ ਦੋਹਰੇ ਕਿਰਦਾਰ ਤੋਂ ਪਰਦਾ ਚੁੱਕ ਦਿੰਦੀਆਂ ਹਨ। ਜਿੱਥੇ ਜੂਹੀ ਉਜਾਗਰ ਰੂਪ ਵਿਚ ਵਿਸ਼ਨੂੰ ਸ਼ਰਮਾ ਤੋਂ ਮਿਲੇ ਧੋਖੇ ਨੂੰ ਅਭਿਨੈ ਕਰਦੇ ਹੋਏ ਲੋਕਾਂ ਸਾਹਮਣੇ ਲੈ ਕੇ ਆਉਂਦੀ ਹੈ। ਉਥੇ ਇਸ ਸਭ ਪਿੱਛੇ ਵਿਸ਼ਨੂੰ ਦੀ ਪਤਨੀ ਦੀ ਲੁਕਵੇਂ ਰੂਪ ਵਾਲੀ ਭੂਮਿਕਾ ਨੂੰ ਵਕਤਾ ਦਾ ਇਹ ਸੰਕੇਤ ਬਿਆਨ ਕਰ ਜਾਂਦਾ ਹੈ:

> ਪਰ ਕੋਈ ਨਹੀਂ ਵੇਖ ਰਿਹਾ ਕਿ ਦਰਸ਼ਕਾਂ ਦੀ ਭੀੜ ਵਿਚ ਖੜੋਤੀ ਵਿਸ਼ਨੂੰ ਸ਼ਰਮਾ ਦੀ ਪਤਨੀ ਕਿੰਨੀ ਸਹਿਜਤਾ, ਸਹਿਣਸ਼ੀਲਤਾ ਤੇ ਸ਼ਾਂਤਮਈ ਭਾਵਾਂ ਨਾਲ ਇਹ ਵਾਸਤਵਿਕ ਐਬਜ਼ਰਡ ਨਾਟਕ ਵੇਖ ਰਹੀ

> ਹੈ। ਉਸ ਦੇ ਹੋਂਠਾਂ ਉੱਤੇ ਵਿਸ਼ਨੂੰ ਸ਼ਰਮਾ ਦੇ ਆਫਿਸ ਦੀ ਦੀਵਾਰ 'ਤੇ ਟੰਗੀ ਮੋਨਾਲੀਜ਼ਾ ਦੀ ਪੇਂਟਿੰਗ ਉੱਤੇ ਫੈਲੀ ਰਹੱਸਮਈ ਮੁਸਕਾਨ ਵਰਗੀ ਮੁਸਕਾਨ ਚਿਪਕੀ ਹੋਈ ਹੈ।[v]

ਸੁਰਿੰਦਰ ਨੀਰ ਨੇ ਲਾਚਾਰ ਜਾਂ ਬੇਵਸ ਨਾਰੀ ਨੂੰ ਨਹੀਂ ਬਲਕਿ ਆਪਣੀ ਸਥਿਤੀ ਬਾਰੇ ਜਾਗਰੂਕ ਅਤੇ ਇਸ ਨੂੰ ਸੰਭਾਲਣ ਜਾਂ ਹੋਰ ਬਿਹਤਰ ਬਣਾਉਣ ਦੀ ਚਾਹਤ ਨਾਲ ਭਰਪੂਰ ਨਾਰੀ ਨੂੰ ਆਪਣੀਆਂ ਕਹਾਣੀਆਂ ਦੇ ਕੇਂਦਰ ਵਿਚ ਰੱਖਿਆ ਹੈ। ਨਾਰੀ ਦੇ ਰਸਤੇ ਵਿਚਲੀਆਂ ਬਹੁਤੀਆਂ ਰੁਕਾਵਟਾਂ ਜਾਂ ਸਮੱਸਿਆਵਾਂ ਦਾ ਕਾਰਨ ਨਾਰੀ ਦਾ ਸਿੱਖਿਅਤ ਨਾ ਹੋਣਾ ਅਤੇ ਆਰਥਕ ਪੱਖੋਂ ਨਿਰਭਰ ਨਾ ਹੋਣਾ ਹੈ। 'ਮਿਸ ਸਿਟੀ' ਕਹਾਣੀ ਦੀ ਕਮਲ ਜਿਸ ਦਾ ਪਤੀ ਉਸ ਨੂੰ ਛੱਡ ਕੇ ਵਿਦੇਸ਼ ਚਲਾ ਗਿਆ ਹੈ, ਨਾਰੀ ਦੀ ਇਸ ਸਥਿਤੀ ਤੋਂ ਚੰਗੀ ਤਰ੍ਹਾਂ ਵਾਕਫ਼ ਹੈ। ਇਸੇ ਲਈ ਉਹ ਚਾਹੁੰਦੀ ਹੈ:

> ਉਸ ਦੀਆਂ ਦੋਵੇਂ ਧੀਆਂ ਚੰਗਾ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹੋ ਸਕਣ ਤੇ ਏਨੀਆਂ ਮਜ਼ਬੂਤ ਹੋ ਜਾਣ ਕਿ ਕੋਈ ਮਰਦ ਭਾਵੇਂ ਉਹ ਪਤੀ ਹੋਵੇ ਜਾਂ ਪ੍ਰੇਮੀ ਉਨ੍ਹਾਂ ਨੂੰ ਇਹ ਅਹਿਸਾਸ ਦਵਾ ਕੇ ਠੁਕਰਾ ਨਾ ਜਾਵੇ ਕਿ ਉਹ ਉਸ ਦੀ ਨਾਕਾਮੀ ਦਾ ਬਾਇਸ ਨੇ।[vi]

ਇਹ ਵੀ ਨਹੀਂ ਕਿ ਸਿੱਖਿਆ ਅਤੇ ਆਰਥਕ ਸੰਪੰਨਤਾ ਹੀ ਸਾਰੇ ਮਸਲਿਆਂ ਦਾ ਹੱਲ ਹੈ। ਪੜ੍ਹੀ-ਲਿਖੀ ਅਤੇ ਨੌਕਰੀ ਪੇਸ਼ਾ ਨਾਰੀ ਦੀਆਂ ਆਪਣੀਆਂ ਸਮੱਸਿਆਵਾਂ ਵਿਚੋਂ ਉਪਜਦੀਆਂ ਵੱਖਰੀਆਂ ਮਨੋ-ਗੁੰਝਲਾਂ ਹਨ। ਕਮਲ ਸਰਕਾਰੀ ਦਫ਼ਤਰ ਵਿਚ ਸੁਪਰਟੈਂਡੈਂਟ ਦੇ ਅਹੁਦੇ 'ਤੇ ਹੁੰਦਿਆਂ ਵੀ ਇਸ ਲਈ ਪ੍ਰੇਸ਼ਾਨੀ ਹੰਢਾਉਂਦੀ ਹੈ ਕਿਉਂਕਿ ਉਸ ਤੋਂ ਅਹੁਦੇ ਵਿਚ ਹੇਠਾਂ ਕੰਮ ਕਰਨ ਵਾਲੇ ਮਿਸਟਰ ਕੋਹਲੀ ਵਰਗੇ ਪਿਤਰਕੀ ਮਾਨਸਿਕਤਾ ਵਾਲੇ ਮਰਦ ਕੰਮ ਵਿਚ ਰੁਕਾਵਟਾਂ ਪੈਦਾ ਕਰਦੇ ਤੇ ਉਸ ਨੂੰ ਤਵੱਜੋ ਦੇਣ ਤੋਂ ਹੀ ਮੁਨਕਰ ਹਨ। ਪਰ ਕਮਲ ਆਪਣੇ ਸਹਿਜ, ਧੀਰਜ, ਯੋਗਤਾ ਅਤੇ ਲੋੜ ਪੈਣ 'ਤੇ ਵਿਰੋਧੀ ਹਾਲਾਤ ਦਾ ਡਟ ਕੇ ਸਾਹਮਣਾ ਕਰਨ ਸਦਕਾ ਇਸ ਸਥਿਤੀ ਤੋਂ ਪਾਰ ਪਾ ਜਾਂਦੀ ਹੈ। ਕਮਲ ਦੀਆਂ ਵੱਖਰੇ ਸੁਭਾਅ ਅਤੇ ਵੱਖਰੇ ਫ਼ੀਲਡ ਨੂੰ ਚੁਣਨ ਵਾਲੀਆਂ ਦੋਵੇਂ ਧੀਆਂ ਸ੍ਰੇਸ਼ਟਾ ਅਤੇ ਪ੍ਰੇਰਨਾ ਰਾਹੀਂ ਇਹ ਪੱਖ ਕਹਾਣੀ ਦਾ ਕੇਂਦਰ ਬਣਦਾ ਹੈ ਕਿ ਸੁੰਦਰਤਾ ਮੁਕਾਬਲੇ ਨਾਰੀ ਨੂੰ ਅੱਗੇ ਨਹੀਂ ਲਿਜਾ ਸਕਦੇ ਬਲਕਿ ਉਸ ਦਾ ਸਵੈ-ਮਾਣ ਹੀ ਉਸ ਦੀ ਸਥਿਤੀ ਸੁਧਾਰਨ ਵਿਚ ਕਾਰਗਰ ਬਣ ਸਕਦਾ ਹੈ।

ਸੁਰਿੰਦਰ ਨੀਰ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਵੀ ਆਪਣੇ ਬਿਰਤਾਂਤ ਰਾਹੀਂ ਪੇਸ਼ ਕਰਦੀ ਹੈ। ਸਮਾਜ ਵਿਚਲੀਆਂ ਵੱਖ-ਵੱਖ ਸੰਸਥਾਵਾਂ ਵਿਚ ਭ੍ਰਿਸ਼ਟਾਚਾਰ ਵੱਖੋ-ਵੱਖਰੇ ਢੰਗ-ਤਰੀਕਿਆਂ ਨਾਲ ਆਪਣੀਆਂ ਡੂੰਘੀਆਂ ਜੜ੍ਹਾਂ ਪਸਾਰ ਚੁੱਕਾ ਹੈ। ਸਾਹਿਤ ਅਤੇ ਕਲਾ ਦੀ ਦੁਨੀਆ ਵੀ ਇਸ ਤੋਂ ਅਭਿੱਜ ਨਹੀਂ ਰਹੀ। ਭ੍ਰਿਸ਼ਟਾਚਾਰ ਇਥੇ ਵੀ ਆਪਣਾ ਕਬਜ਼ਾ ਕਰੀ ਬੈਠਾ ਹੈ। 'ਆਇਰਨ ਗਲਵਜ਼' ਕਹਾਣੀ ਸਾਹਿਤ ਅਤੇ ਕਲਾ ਦੇ ਖੇਤਰ ਵਿਚਲੇ ਭ੍ਰਿਸ਼ਟਾਚਾਰ ਨੂੰ ਨਿਵੇਕਲੇ ਢੰਗ ਨਾਲ

ਪੇਸ਼ ਕਰਦੀ ਹੈ। ਬਿਰਤਾਂਤ ਵਿਚ ਕਲਚਰਲ ਡਿਪਾਰਟਮੈਂਟ ਦੇ ਡਾਇਰੈਕਟਰ ਬਣਨ ਲਈ ਜਿਹੋ ਜਿਹੇ ਹੱਥਕੰਡੇ ਮਰਦ ਅਪਣਾ ਰਿਹਾ ਹੈ, ਉਹੋ ਜਿਹੇ ਨਾਰੀ ਵੀ ਅਪਣਾ ਰਹੀ ਹੈ। ਇਥੇ ਭ੍ਰਿਸ਼ਟਾਚਾਰ ਪੈਸੇ ਰਾਹੀਂ ਨਹੀਂ ਬਲਕਿ ਨਾਰੀ ਦੇ ਸ਼ੋਸ਼ਣ ਰਾਹੀਂ ਹੁੰਦਾ ਹੈ। ਇਸ ਦੌੜ ਵਿਚ ਕਾਲਜ ਦੇ ਗਰਲਜ਼ ਹੋਸਟਲ ਦੀ ਵਾਰਡਨ ਸਰਿਤਾ ਵੀ ਸ਼ਾਮਿਲ ਹੈ। ਉਹ ਇਸ ਅਹੁਦੇ ਨੂੰ ਪ੍ਰਾਪਤ ਕਰਨ ਲਈ ਚੀਨਾ ਨਾਂ ਦੀ ਕੁੜੀ ਨੂੰ ਅਸ਼ਫ਼ਾਕ ਅਹਿਮਦ ਜੋ ਮੰਤਰੀ ਹੈ, ਅੱਗੇ ਪੇਸ਼ ਕਰਦੀ ਹੈ। ਅਹੁਦੇ ਪ੍ਰਾਪਤ ਕਰਨ ਲਈ ਜਾਂ ਪਹਿਲਾਂ ਤੋਂ ਮਿਲੇ ਅਹੁਦਿਆਂ ਉੱਪਰ ਕਾਬਜ਼ ਰਹਿਣ ਲਈ ਭ੍ਰਿਸ਼ਟਾਚਾਰ ਦਾ ਸਹਾਰਾ ਕੇਵਲ ਮਰਦ ਹੀ ਨਹੀਂ ਲੈਂਦਾ ਬਲਕਿ ਨਾਰੀ ਵੀ ਇਸ ਵਿਚ ਭਾਗੀਦਾਰ ਬਣਦੀ ਹੈ।

ਨਵੇਂ ਸਮਾਜ ਵਿਚ ਵਿਚਰਦੇ ਬੰਦੇ ਦੀਆਂ ਆਪਣੀਆਂ ਮਨੋ-ਗੁੰਝਲਾਂ ਅਤੇ ਨਵੀਆਂ ਵਰਜਨਾਵਾਂ, ਨਵੀਆਂ ਮਨਾਹੀਆਂ ਹਨ। ਇਨ੍ਹਾਂ ਮਨਾਹੀਆਂ ਅਤੇ ਮਨੋ-ਗੁੰਝਲਾਂ ਦੀ ਗੁੰਜਾਰ 'ਟੈਬੂ' ਕਹਾਣੀਆਂ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਦੇ ਬਿਰਤਾਂਤ ਵਿਚ ਬਣੀ ਰਹਿੰਦੀ ਹੈ। 'ਟੈਬੂ' ਸੰਕਲਪ ਦਾ ਅਰਥ 'ਵਰਜਣਾ' ਹੈ। ਇਸ ਨੂੰ ਸਭਿਆਚਾਰ ਅਧੀਨ ਵਿਚਾਰਦਿਆਂ ਹੋਇਆ ਇਸ ਦੇ ਅਰਥ 'ਸਮਾਜਕ ਵਰਜਣਾ' ਕੀਤੇ ਜਾਂਦੇ ਹਨ। Encyclopedia of Britannica ਅਨੁਸਾਰ:

> Taboo, the prohibition of an action based on the belief that such behavior is either too sacred and consecrated or too dangerous and accursed for ordinary individuals to undertake.[vii]

ਇਸ ਤਰ੍ਹਾਂ ਟੈਬੂ ਉਹ ਵਰਜਿਤ ਕਾਰਜ ਹਨ ਜਿਨ੍ਹਾਂ ਨੂੰ ਪਵਿੱਤਰਤਾ ਨਾਲ ਜੋੜਦਿਆਂ ਇਨ੍ਹਾਂ ਦੀ ਉਲੰਘਣਾ ਕਰਨਾ ਖਤਰਨਾਕ ਸਮਝਿਆ ਜਾਂਦਾ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਟੈਬੂ ਬਾਰੇ ਦੱਸਦਿਆਂ ਇਨ੍ਹਾਂ ਦੇ ਹਰ ਸਮਾਜ ਵਿਚ ਸਾਂਝੇ ਅਤੇ ਵੱਖਰੇ ਹੋਣ ਦਾ ਨਿਖੇੜਾ ਕਰਦਾ ਹੋਇਆ ਲਿਖਦਾ ਹੈ:

> ਇਹ ਉਹ ਨਿਯਮ ਹੁੰਦੇ ਹਨ, ਜਿਨ੍ਹਾਂ ਬਾਰੇ ਕੋਈ ਸਮਾਜ ਇਹ ਕਿਆਸ ਹੀ ਨਹੀਂ ਕਰਦਾ ਕਿ ਇਹਨਾਂ ਦੀ ਉਲੰਘਣਾ ਵੀ ਕੀਤੀ ਜਾ ਸਕਦੀ ਹੈ। ਇਹ ਤਾਬੂ ਬਹੁਤੇ ਸਮਾਜਾਂ ਵਿਚ ਸਾਂਝੇ ਹੀ ਹਨ, ਜਿਵੇਂ ਕਿ ਪਤੀ ਪਤਨੀ ਤੋਂ ਇਲਾਵਾ ਮੂਲ ਪ੍ਰਵਾਰ ਦੇ ਮੈਂਬਰਾਂ ਦਾ ਆਪਸ ਵਿਚ ਜਿਨਸੀ ਸੰਬੰਧ ਰੱਖਣਾ... ਪਰ ਹਰ ਸਮਾਜ ਦੇ ਵੱਖ ਵੱਖ ਤਾਬੂ ਵੀ ਹੋ ਸਕਦੇ ਹਨ, ਜਿਵੇਂ ਹਿੰਦੂ ਸਮਾਜ ਵਿਚ ਗਊ-ਹੱਤਿਆ।[viii]

ਸੋ 'ਟੈਬੂ' ਇਕ ਸਭਿਆਚਾਰਕ ਸੰਕਲਪ ਹੈ। ਹਰ ਸਮਾਜ ਦਾ ਆਪਣਾ ਸਭਿਆਚਾਰ ਹੁੰਦਾ ਹੈ। ਉਸ ਸਮਾਜ ਦੇ ਸਭਿਆਚਾਰ ਦੇ ਕੁਝ ਸਮੂਹਿਕ ਨਿਯਮ ਹੁੰਦੇ ਹਨ। ਸਭਿਆਚਾਰ ਸਮੂਹ ਇਹ ਉਮੀਦ ਕਰਦਾ ਹੈ ਕਿ ਸੰਬੰਧਿਤ ਸਮਾਜ ਦੇ ਲੋਕ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ। ਇਨ੍ਹਾਂ ਨਿਯਮਾਂ ਵਿਚ ਕੁਝ ਦੀ ਉਲੰਘਣਾ ਕਰਨ ਦੀ ਘੋਰ ਮਨਾਹੀ ਹੁੰਦੀ ਹੈ। ਇਨ੍ਹਾਂ ਮਨਾਹੀਆਂ ਨੂੰ 'ਟੈਬੂ' ਜਾਂ 'ਸਮਾਜਕ ਵਰਜਣਾ' ਕਿਹਾ ਜਾਂਦਾ ਹੈ।

'ਟੈਬੂ' ਕਹਾਣੀ ਮਾਂ ਅਤੇ ਧੀ ਦੇ ਰਿਸ਼ਤੇ ਰਾਹੀਂ ਦੋ ਪੀੜੀਆਂ ਵਿਚਲੇ ਪਾੜੇ ਦਾ ਬਿਰਤਾਂਤ ਹੈ। ਕਹਾਣੀ ਬੱਚਿਆਂ ਦੀ ਨਵੀਆਂ ਕਦਰਾਂ-ਕੀਮਤਾਂ ਅਨੁਸਾਰ ਬਣ ਰਹੀ ਸਾਇਕੀ ਵਿਚਲੇ ਵਿਰੋਧਾਭਾਸ ਨੂੰ ਉਜਾਗਰ ਕਰਦੀ ਹੈ। ਇਕ ਪੀੜੀ ਲਈ ਜੋ ਟੈਬੂ ਹੈ ਉਹ ਦੂਜੀ ਪੀੜੀ ਲਈ ਟੈਬੂ ਨਹੀਂ ਹੈ। ਜਿਵੇਂ ਇਕ ਸਮਾਜ ਵਿਚ ਜੋ ਟੈਬੂ ਮੰਨਿਆ ਜਾਂਦਾ ਹੈ ਜ਼ਰੂਰੀ ਨਹੀਂ ਉਹ ਦੂਜੇ ਸਮਾਜ ਲਈ ਟੈਬੂ ਹੋਵੇ। ਇਹੀ ਸਥਿਤੀ ਕਹਾਣੀ ਵਿਚ ਦੋ ਪੀੜੀਆਂ ਵਿਚਲੇ ਪਾੜੇ ਰਾਹੀਂ ਮਾਂ ਤੇ ਧੀ ਦੇ ਰਿਸ਼ਤੇ ਰਾਹੀਂ ਪ੍ਰਗਟ ਹੁੰਦੀ ਹੈ। ਧੀ ਮਾਂ ਨੂੰ ਆਪਣੇ ਲਿਵ-ਇਨ ਰਿਲੇਸ਼ਨ ਬਾਰੇ ਦੱਸਦੀ ਹੈ ਤਾਂ ਮਾਂ ਧੀ ਦੇ ਇਸ ਰਿਸ਼ਤੇ ਨੂੰ 'ਟ੍ਰੈਡੀਸ਼ਨਲੀ ਨਹੀਂ ਸਗੋਂ ਇਮੋਸ਼ਨਲੀ' ਸਮਝਦੀ ਹੋਈ ਸਵੀਕਾਰ ਕਰ ਲੈਂਦੀ ਹੈ। ਮਾਂ ਧੀ ਨੂੰ ਵਿਆਹ ਕਰਵਾਉਣ ਲਈ ਕਹਿੰਦੀ ਹੈ ਤਾਂ ਧੀ ਨੂੰ ਵਿਆਹ ਮਰਦ ਦੀ ਗ਼ੁਲਾਮੀ ਅਤੇ ਆਪਣੀ ਆਜ਼ਾਦੀ ਕਿਸੇ ਹੋਰ ਨੂੰ ਸਰੰਡਰ ਕਰਨਾ ਲਗਦਾ ਹੈ। ਮਾਂ ਦਾ ਮੁੰਡਾ ਵੀ ਅਮਰੀਕਾ ਵਿਚ ਕਿਸੇ ਐਫਰੋ-ਅਮਰੀਕਨ ਕੁੜੀ ਨਾਲ ਰਹਿ ਰਿਹਾ ਹੈ। ਇਕ ਦਿਨ ਜਦੋਂ ਧੀ ਆਪਣੀ ਮਾਂ ਦੇ ਫ਼ੋਨ ਉੱਪਰ ਕਿਸੇ ਅਣਜਾਣ ਸ਼ਖ਼ਸ ਦਾ ਮੈਸੇਜ ਦੇਖਦੀ ਹੈ ਤਾਂ ਉਸ ਨੂੰ ਝਟਕਾ ਲਗਦਾ ਹੈ। ਉਹ ਮਾਂ ਨਾਲ ਨਾਰਾਜ਼ਗੀ ਜ਼ਾਹਿਰ ਕਰਦੀ ਹੋਈ ਗ਼ੁੱਸੇ ਹੁੰਦੀ ਹੈ। ਮਾਂ ਨੂੰ ਧੀ ਦੇ ਕਹੇ ਬੋਲ ਯਾਦ ਆ ਜਾਂਦੇ ਹਨ:

> ਉਹ ਤਾਂ ਕਹਿੰਦੀ ਸੀ ਕਿ ਹੁਣ ਟੈਬੂਜ਼ ਵਰਗਾ ਕੁਝ ਨਹੀਂ ਰਹਿ ਗਿਆ। ਦੁਨੀਆ ਬੜੀ ਬਦਲ ਚੁੱਕੀ ਹੈ। ਫਿਰ ਮਾਂ ਦੇ ਮੋਬਾਈਲ 'ਤੇ ਆਇਆ ਮੈਸੇਜ ਕਿਵੇਂ ਟੈਬੂ ਬਣ ਗਿਆ ਸੀ?... ਕੀ ਦੁਨੀਆ ਸਿਰਫ ਧੀ ਲਈ ਹੀ ਬਦਲੀ ਸੀ ਮਾਂ ਲਈ ਨਹੀਂ?[ix]

ਸਮਾਜ ਵਿਚ ਸਮੇਂ ਦੇ ਨਾਲ ਉੱਸਰ ਰਹੇ ਨਵੇਂ ਜਿਉਣ ਢੰਗ ਅਤੇ ਰਿਸ਼ਤਿਆਂ ਅਨੁਸਾਰ ਧੀ ਔਰਤ ਦੇ ਰੂਪ ਵਿਚ ਸਾਰੀਆਂ ਖੁੱਲ੍ਹਾਂ ਲੈਂਦੀ ਹੈ ਪਰ ਮਾਂ ਦੇ ਰਿਸ਼ਤੇ ਕਾਰਨ ਉਹ ਖੁੱਲ੍ਹਾਂ ਉਸ ਲਈ ਟੈਬੂ ਸਮਝੀਆਂ ਜਾਂਦੀਆਂ ਹਨ। ਅਕਸਰ ਪੁਰਾਣੀ ਪੀੜੀ ਨਵੀਂ ਪੀੜੀ ਨੂੰ ਖੁੱਲ੍ਹਾਂ ਲੈਣ ਤੋਂ ਵਰਜਦੀ ਰਹਿੰਦੀ ਹੈ। ਪਰ ਵਿਡੰਬਣਾ ਇਹ ਹੈ ਕਿ ਬਿਰਤਾਂਤ ਵਿਚ ਨਵੀਂ ਪੀੜੀ ਨੂੰ ਪੁਰਾਣੀ ਪੀੜੀ ਦੀਆਂ ਖੁੱਲ੍ਹਾਂ ਤੰਗ ਪ੍ਰੇਸ਼ਾਨ ਕਰਦੀਆਂ ਸਹਿਜ ਨਹੀਂ ਰਹਿਣ ਦਿੰਦੀਆਂ। ਇਸ ਤੋਂ ਬਿਨਾਂ 'ਕ੍ਰਾਂਤੀਕਾਰੀ', 'ਆਈਸ ਬਰਗ', 'ਭੂਮੀ', 'ਮਿੱਸ ਸਿਟੀ' ਆਦਿ ਇਸੇ ਵਿਸ਼ੇ ਨਾਲ ਸੰਬੰਧਿਤ ਜ਼ਿਕਰਯੋਗ ਕਹਾਣੀਆਂ ਹਨ।

ਸੁਰਿੰਦਰ ਨੀਰ ਦੀਆਂ ਕਹਾਣੀਆਂ ਵਿਚ ਜੰਮੂ-ਕਸ਼ਮੀਰ ਦੀ ਪੇਂਡੂ ਰਹਿਤਲ ਨਾਲ ਸੰਬੰਧਿਤ ਅਤੇ ਸ਼ਹਿਰੀ ਜੀਵਨ ਜਾਚ ਨਾਲ ਜੁੜ ਚੁੱਕੇ ਪਾਤਰ ਸ਼ਾਮਿਲ ਹਨ। ਜਿੱਥੇ ਆਦਰਸ਼ਕ ਪ੍ਰੀਤ ਨਾਲ ਪ੍ਰਣਾਏ ਆਪਣੇ ਬੋਲ ਪੁਗਾਉਂਦੇ ਮਰ-ਮਿਟ ਜਾਣ ਵਾਲੇ ਪਾਤਰ ਬਿਰਤਾਂਤ ਦਾ ਹਿੱਸਾ ਬਣਦੇ ਹਨ ਉਥੇ ਹੀ ਆਪਣੇ-ਆਪ ਨੂੰ ਅਗਾਂਹਵਧੂ ਦਿਖਾਉਣ ਦਾ ਭਰਮ ਸਿਰਜਦੇ ਅਤੇ ਜ਼ਿੰਦਗੀ ਦੀ ਦੌੜ ਵਿਚੋਂ ਇਕ ਦੂਜੇ ਤੋਂ ਅੱਗੇ ਲੰਘਣ ਲਈ ਸਕੀਮਾਂ ਘੜਦੇ ਪਾਤਰ ਵੀ ਸ਼ਾਮਿਲ ਹਨ। ਸੁਰਿੰਦਰ ਨੀਰ ਨੂੰ ਬਿਰਤਾਂਤਕ ਸੰਦਰਭ ਦੀ ਸੋਝੀ ਹੈ। ਇਸ ਲਈ ਜਦੋਂ ਉਹ ਆਦਰਸ਼ਕ ਪ੍ਰੀਤ ਵਾਲੇ ਪਾਤਰਾਂ ਨੂੰ ਕਹਾਣੀ ਦੇ ਕੇਂਦਰ ਵਿਚ ਰੱਖਦੀ ਹੈ ਤਾਂ ਉਹ ਘਟਨਾ ਦਾ ਵਾਪਰਨ ਸਥਾਨ ਅਤੇ ਪਾਤਰ ਜੰਮੂ-ਕਸ਼ਮੀਰ ਦੇ ਪੇਂਡੂ ਧਰਾਤਲ ਵਿਚੋਂ ਚੁਣਦੀ ਹੈ। ਇਸੇ ਤਰ੍ਹਾਂ ਨੌਕਰੀ ਪੇਸ਼ਾ, ਸਰਕਾਰੀ ਰਸੂਖ਼ ਰੱਖਣ ਵਾਲੇ, ਨਵੇਂ ਵਿਚਾਰਾਂ ਨੂੰ ਸੱਚ-ਮੁੱਚ ਪ੍ਰਣਾਏ ਜਾਂ ਇਸ ਦਾ ਦਿਖਾਵਾ ਕਰਦੇ ਪਾਤਰਾਂ ਨੂੰ ਚਿਤਰਨ ਸਮੇਂ ਸ਼ਹਿਰੀ ਜੀਵਨ ਜਾਚ ਨੂੰ ਆਧਾਰ ਬਣਾਉਂਦੀ ਹੈ। ਇਸ ਤਰ੍ਹਾਂ ਉਹ ਯਥਾਰਥ ਦਾ ਪ੍ਰਭਾਵ ਸਿਰਜਣ ਵਿਚ ਕਾਮਯਾਬ ਰਹਿੰਦੀ ਹੈ।

ਸੁਰਿੰਦਰ ਨੀਰ ਦੀਆਂ ਕਹਾਣੀਆਂ ਵਿਚ ਜੰਮੂ-ਕਸ਼ਮੀਰ ਦੇ ਲੋਕਾਂ ਦੀ ਜ਼ਿੰਦਗੀ ਹੀ ਨਹੀਂ ਧੜਕਦੀ ਬਲਕਿ ਉਨ੍ਹਾਂ ਦੀ ਸਥਾਨਕ ਬੋਲੀ ਦੇ ਬੋਲ ਵੀ ਬਿਰਤਾਂਤ ਵਿਚ ਮਿਠਾਸ ਭਰਦੇ ਹਨ। ਸਥਾਨਕ ਭਾਸ਼ਾ ਦੀ ਕਹਾਣੀਆਂ ਵਿਚ ਵਰਤੋਂ ਉਚੇਚ ਨਾਲ ਨਹੀਂ ਹੋਈ ਬਲਕਿ ਭਾਵਨਾਵਾਂ ਵਿਚ ਵਹੇ ਪਾਤਰਾਂ ਦੇ ਮੂੰਹੋਂ ਸਥਾਨਕ ਭਾਸ਼ਾ ਦੇ ਬੋਲ ਸਹਿਜ ਸੁਭਾਅ ਝਰਦੇ ਹਨ ਜੋ ਬਿਰਤਾਂਤ ਵਿਚ ਕਿਤੇ ਨਹੀਂ ਰੜਕਦੇ। ਮਿਸਾਲ ਵਜੋਂ 'ਮਿੱਟੀ' ਕਹਾਣੀ ਵਿਚ ਨੱਬ ਖੁੰਖੇ ਦੇ ਬੋਲ ਹਨ:

> ਦਿਲ ਛੁੰਮ ਕਰਨ ਬ੍ਰਿਓੜ ਸਿੰਘੁਨ ਜ਼ਨਾਨਾ ਕਰਹਾ ਦਿਲਸ ਮੰਜ਼ ਜਾਇ। (ਮੇਰਾ ਜੀਅ ਕਰਦਾ ਬਿੱਲਾ ਸਿੰਘ ਦੀ ਜ਼ਨਾਨੀ ਨੂੰ ਆਪਣੇ ਦਿਲ ਵਿਚ ਕੈਦ ਕਰ ਲਵਾਂ)[x]

ਉਸ ਨੂੰ ਇਸ ਗੱਲ ਦੀ ਸਮਝ ਹੈ ਕਿ ਕਸ਼ਮੀਰੀ ਮੂਲ ਤੋਂ ਬਾਹਰ ਦੇ ਪੰਜਾਬੀਆਂ ਤਕ ਸਥਾਨਕ ਭਾਸ਼ਾ ਦੀ ਅਜਿਹੀ ਵਰਤੋਂ ਅਰਥਾਂ ਦੀ ਰਸਾਈ ਨਹੀਂ ਕਰ ਸਕਦੀ। ਇਸ ਲਈ ਉਹ ਇਨ੍ਹਾਂ ਦੇ ਅਰਥਾਂ ਦਾ ਤਰਜਮਾ ਬਰੈਕਟਾਂ ਵਿਚ ਪੇਸ਼ ਕਰਦ ਦਿੰਦੀ ਹੈ। ਵਾਰਤਾਲਾਪ ਤੋਂ ਬਿਨਾਂ ਬਿਰਤਾਂਤ ਵਿਚ ਵਕਤਾ ਦੁਆਰਾ ਸਥਾਨਕ ਭਾਸ਼ਾ ਦੀ ਗੂੜ੍ਹੀ ਰੰਗਤ ਵਾਲੇ ਜਿਹੜੇ ਸ਼ਬਦ ਵਰਤੇ ਗਏ ਹਨ ਉਨ੍ਹਾਂ ਦੇ ਨਾਲ ਵੀ ਬਰੈਕਟਾਂ ਵਿਚ ਅਰਥ ਦਿੱਤੇ ਗਏ। ਮਿਸਾਲ ਵਜੋਂ ਬੋਇਕਾਕੀ (ਭਾਬੀ), ਮਿਟਖਨਾਈ (ਮਿੱਟੀ ਦੀ ਖਾਨ), ਜਜੀਰੀ (ਹੁੱਕਾ), ਜਲਗੋਜ਼ੇ (ਮੂੰਗਫਲੀ), ਅਮਰੀਕਨ ਤਰੇਲ (ਸੇਬ), ਹੈਰਤ (ਸ਼ਿਵਰਾਤਰੀ), ਲੁਬੜ (ਸੁੱਕੇ ਗੋਹੇ ਦਾ ਬਾਲਣ) ਆਦਿ ਅਜਿਹੇ ਸ਼ਬਦ ਹਨ। ਇਸ ਤੋਂ ਬਿਨਾਂ ਕਸ਼ਮੀਰੀ ਅਤੇ ਪੰਜਾਬੀ ਲੋਕ ਗੀਤਾਂ ਦੀ ਵਰਤੋਂ ਵੀ ਕੀਤੀ ਗਈ ਮਿਲਦੀ ਹੈ।

ਸੁਰਿੰਦਰ ਨੀਰ ਦੀਆ ਕਹਾਣੀਆਂ ਦਾ ਬਿਰਤਾਂਤ ਪੇਸ਼ਕਾਰੀ ਪੱਖੋਂ ਸਰਲਤਾ ਅਤੇ ਸਹਿਜਤਾ ਵਾਲਾ ਹੈ। ਬਿਰਤਾਂਤ ਵਿਚਲੀਆਂ ਘਟਨਾਵਾਂ ਦਾ ਕ੍ਰਮ ਮਸਨੂਈ-ਕ੍ਰਮ ਦਾ ਧਾਰਨੀ ਹੈ। ਬਹੁਤੀਆਂ ਕਹਾਣੀਆਂ ਦਾ ਬਿਰਤਾਂਤ ਅੰਤ ਤੋਂ ਕੁਝ ਸਮਾਂ ਪਹਿਲਾਂ ਸ਼ੁਰੂ ਹੁੰਦਾ ਉਥੋਂ ਤਕ ਪਹੁੰਚਣ ਦਾ ਸਫ਼ਰ ਤੈਅ ਕਰਕੇ ਉਸ ਤੋਂ ਕੁਝ ਸਮਾਂ ਅੱਗੇ ਵੱਲ ਵਧਦਾ ਆਪਣੇ ਅੰਤ ਨੂੰ ਛੂੰਹਦਾ ਹੋਇਆਂ ਬਿਰਤਾਂਤਕ ਚੱਕਰ ਪੂਰਾ ਕਰਦਾ ਹੈ। ਮਸਨੂਈ ਘਟਨਾ ਕ੍ਰਮ ਵਾਲੀ ਇਸ ਕਹਾਣੀ ਦੇ ਬਿਰਤਾਂਤ ਵਿਚ ਘਟਨਾਵਾਂ ਦਾ ਵਾਪਰਨ ਸਮਾਂ ਕੁਝ ਘੰਟਿਆਂ ਜਾਂ ਦਿਨਾਂ ਦਾ ਹੈ। ਇਸ ਨੂੰ ਬਿਰਤਾਂਤ ਵਿਚ ਪਿਛਲਝਾਤ ਅਤੇ ਵੱਖ-ਵੱਖ ਘਟਨਾਵਾਂ ਰਾਹੀਂ ਸਮੇਂ ਦੇ ਲੰਮੇ ਅੰਤਰਾਲ ਉੱਪਰ ਫੈਲਾਇਆ ਗਿਆ ਹੈ।

ਇਸ ਤਰ੍ਹਾਂ ਸੁਰਿੰਦਰ ਨੀਰ ਇਸ ਕਹਾਣੀ ਸੰਗ੍ਰਹਿ ਵਿਚ ਜੰਮੂ-ਕਸ਼ਮੀਰ ਦੀ ਪੇਂਡੂ ਰਹਿਤਲ ਤੋਂ ਲੈ ਕੇ ਸ਼ਹਿਰੀ ਜੀਵਨ ਨੂੰ ਕਹਾਣੀ ਬਿਰਤਾਂਤ ਦੀ ਆਧਾਰ ਸਮਗਰੀ ਬਣਾਉਂਦੀ ਹੈ। ਉਸ ਦੀਆਂ ਕਹਾਣੀਆਂ ਨਵੇਂ ਜੀਵਨ ਮੁੱਲਾਂ ਦਰਮਿਆਨ ਰਿਸ਼ਤਿਆਂ ਵਿਚਲੇ ਤਣਾਅ, ਪਿਤਰਕੀ ਧੌਂਸ, ਔਰਤ-ਮਰਦ ਸੰਬੰਧਾਂ ਵਿਚਲੀ ਖਿੱਚੋਤਾਣ, ਅਹੁਦਿਆਂ ਦੀ ਪ੍ਰਾਪਤੀ ਲਈ ਚਾਰਾਜੋਈ ਦਰਮਿਆਨ ਰਾਜਨੀਤਕ ਦਖ਼ਲਅੰਦਾਜ਼ੀ, ਵਿਸਥਾਪਨ, ਲੇਖਕਾਂ ਜਾਂ ਕਲਾਕਾਰਾਂ ਵਿਚ ਈਰਖਾ ਭਾਵ, ਨਾਰੀ ਸ਼ੋਸ਼ਣ ਆਦਿ ਵਰਗੇ ਵਿਸ਼ਿਆਂ ਨੂੰ ਬਿਰਤਾਂਤ ਵਿਚ ਸਮੋਂਦੀਆਂ ਹਨ। ਉਸ ਦੀਆਂ ਕਹਾਣੀਆਂ ਜੰਮੂ-ਕਸ਼ਮੀਰ ਦੀਆਂ ਸਮੱਸਿਆਵਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਨਹੀਂ ਕਰਦੀਆਂ ਭਾਵੇਂ ਕਿ ਬਿਰਤਾਂਤ ਵਿਚ ਇਹ ਸਮੱਸਿਆਵਾਂ ਨਾਲ-ਨਾਲ ਚਲਦੀਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਪ੍ਰਭਾਵ ਵਿਚੋਂ ਲੰਘਦੇ ਤੇ ਜ਼ਿੰਦਗੀ ਦੀਆਂ ਆਮ ਸਮੱਸਿਆਵਾਂ ਨਾਲ ਜੂਝਦੇ ਕਸ਼ਮੀਰੀ ਕਹਾਣੀ ਦਾ ਕੇਂਦਰ ਬਣਦੇ ਹਨ।

## ਹਵਾਲੇ:-

---

I. [i] ਸੁਰਿੰਦਰ ਨੀਰ, *ਟੈਬੂ*, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2023, ਪੰਨਾ 78
II. [ii] ਉਹੀ, ਪੰਨਾ 110
III. [iii] ਉਹੀ, ਪੰਨਾ 227
IV. [iv] ਉਹੀ, ਪੰਨਾ 42
V. [v] ਉਹੀ, ਪੰਨਾ 182
VI. [vi] ਉਹੀ, ਪੰਨਾ 229
VII. [vii] Encyclopedia of Britannica, taboo, https://www.britannica.com/topic/taboo-sociology
VIII. [viii] ਗੁਰਬਖ਼ਸ਼ ਸਿੰਘ ਫ਼ਰੈਂਕ, *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ*, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, ਪੰਨਾ 30
IX. [ix] ਸੁਰਿੰਦਰ ਨੀਰ, *ਉਹੀ*, ਪੰਨਾ 27
X. [x] ਉਹੀ, ਪੰਨਾ 67